**24(c) 259th Meeting of BOD dated 17.08.2012**

**Description**: ਪੀ.ਐਸ.ਆਈ.ਈ.ਸੀ. ਵੱਲੋਂ ਡਿਵੈਲਪ ਕੀਤੇ ਉਦਯੋਗਿਕ ਪਲਾਟਾਂ ਵਿੱਚ ਟੈਲੀਕਿਮਿਊਨਿਕੇਸ਼ਨ ਟਾਵਰਾਂ ਨੂੰ ਲਗਾਉਣ ਦੀ ਪ੍ਰਵਾਨਗੀ ਸਬੰਧੀ ਪਾਲਿਸੀ ਨੂੰ ਰਿਵਿਊ ਕਰਨ ਸਬੰਧੀ ।

**Decision**: ਬੋਰਡ ਨੇ ਮੱਦ ਨੂੰ ਅਤੇ ਪਲਾਟ ਹੋਲਡਰਾਂ/ਸੈਲੂਲਰ ਕੰਪਨੀਆਂ ਵੱਲੋ ਟੈਲੀਕਮਿਊਨੀਕੇਸ਼ਨ ਟਾਵਰ, ਅਲਾਇਡ ਇਕਯੂਪਮੈਂਟ ਅਤੇ ਐਕਸਚੇਂਜ ਸਥਾਪਿਤ ਕਰਨ ਲਈ ਪੀ. ਐਸ. ਆਈ. ਈ. ਸੀ. ਵੱਲੋਂ ਮੁਕਰਰ ਕੀਤੀ ਗਈ ਫੀਸ ਦੇ ਢਾਂਚੇ ਨੂੰ ਰੈਸ਼ਨਲਾਇਜ਼ ਕਰਨ ਸਬੰਧੀ ਦਿੱਤੀਆਂ ਗਈਆਂ ਪ੍ਰਤੀ ਬੇਨਤੀਆਂ ਨੂੰ ਵਿਚਾਰਿਆ। ਬੋਰਡ ਨੇ ਪੰਜਾਬ ਇੰਨਫੋਟੈਕ ਅਤੇ ਪੂਡਾ ਵੱਲੋਂ ਇਸ ਮੰਤਵ ਲਈ ਲਾਗੂ ਫੀਸ ਦੇ ਢਾਂਚੇ ਨੂੰ ਵੀ ਨੋਟ ਕੀਤਾ।

ਵਿਚਾਰ ਵਟਾਂਦਰਾ ਕਰਨ ਤੋਂ ਬਾਅਦ, ਬੋਰਡ ਨੇ ਟੈਲੀਕਮਿਊਨੀਕੇਸ਼ਨ ਟਾਵਰ ਸਥਾਪਿਤ / ਰੈਗੂਲਰਾਇਜ਼ ਕਰਨ ਲਈ ਪੁਡਾ ਵਿੱਚ ਲਾਗੂ ਫੀਸ ਦੇ ਢਾਂਚੇ ਨੂੰ ਪੀ. ਐਸ. ਆਈ. ਈ. ਸੀ. ਦੇ ਫੋਕਲ ਪੁਆਇੰਟਾਂ ਵਿੱਚ ਰਿਟਰੋਸਪੈਕਟਿਵਲੀ ਤੌਰ ਤੇ ਲਾਗੂ ਕਰਨ ਦਾ ਫੈਸਲਾ ਕੀਤਾ ਜੋ ਕਿ ਹੇਠ ਅਨੁਸਾਰ ਹੈ। ਇਹ ਨਵਾਂ ਫੈਸਲਾ, ਇਸ ਮੰਤਵ ਲਈ ਬੋਰਡ ਵੱਲੋਂ ਪਹਿਲਾਂ ਲਏ ਗਏ ਮਿਤੀ 20-10-2006 ਦੇ ਫ਼ੈਸਲੇ ਨੂੰ ਅਧਿਲੰਘਣ(Supersede)ਕਰੇਗਾ:-

1. ਰੂਫ ਟਾਵਰ/ਹਾਈ ਰਾਈਜ਼ ਟੈਲੀਕਮਿਊਨੀਕੇਸ਼ਨ ਟਾਵਰ, ਅਲਾਇਡ ਇਕਯੂਪਮੈਟ ਅਤੇ ਐਕਸਚੇਂਜ ਨੂੰ ਸਥਾਪਿਤ/ਰੈਗੂਲਰਾਇਜ਼ ਕਰਨ ਲਈ ਪੀ. ਐਸ. ਆਈ. ਈ. ਸੀ. ਵੱਲੋ ਪਲਾਟ ਹੋਲਡਰਾਂ ਤੋ ਮੰਜੂਰੀ ਦੇਣ ਵਾਸਤੇ ਯਕਮੁਸ਼ਤ ਰੁ 1,00,000/- ਪ੍ਰਤੀ ਟਾਵਰ ਫ਼ੀਸ ਵਸੂਲ ਕੀਤੀ ਜਾਵੇਗੀ। ਇਹ ਮੰਜੂਰੀ ਸੁਰੂ ਵਿੱਚ ਇੱਕ ਸਾਲ ਲਈ ਲਾਗੂ ਹੋਵੇਗੀ ਜਿਹੜੀ ਕਿ ਬਾਅਦ ਵਿੱਚ ਪ੍ਰਤੀ ਸਾਲ ਰੂ 50,000/- ਫੀਸ ਲੈ ਕੇ ਰਿਨਿਯੁ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਗਰ ਟੈਲੀਕਮਿਊਨੀਕੇਸ਼ਨ ਟਾਵਰ ਦੀ ਕਿਸੇ ਹੋਰ ਕੰਪਨੀ/ ਕੰਪਨੀਆਂ ਵੱਲੋਂ ਹਿੱਸੇਦਾਰੀ ਕੀਤੀ ਜਾਂਦੀ ਹੈ ਉਸ ਸੂਰਤ ਵਿੱਚ ਰੁ 50,000/- ਪ੍ਰਤੀ ਟੈਲੀਕੌਮ ਕੰਪਨੀ ਤੇ ਵਾਧੂ ਸਾਲਾਨਾ ਫੀਸ ਵੀ ਲਈ ਜਾਵੇਗੀ।
2. ਜਿਹਨਾਂ ਕੇਸਾਂ ਵਿੱਚ ਰੂਫ ਟਾਵਰ/ਹਾਈ ਰਾਈਜ਼ ਟੈਲੀਕਮਿਊਨੀਕੇਸ਼ਨ ਟਾਵਰ, ਅਲਾਇਡ ਇਕਯੂਪਮੈਂਟ ਅਤੇ ਐਕਸਚੇਂਜ ਪਹਿਲਾਂ ਹੀ ਪਲਾਟਾਂ ਉੱਤੇ ਸਥਾਪਿਤ ਕੀਤੇ ਜਾ ਚੁੱਕੇ ਹਨ ਉਹਨਾਂ ਕੇਸਾਂ ਵਿੱਚ ਬਕਾਇਆ ਰਕਮ ਦੀ ਰਿਕਵਰੀ ਉਪਰੋਕਤ ਦਰਸਾਏ(|) ਫੀਸ ਢਾਂਚੇ ਮੁਤਾਬਿਕ ਯਕਮੁਸਤ ਵਸੂਲ ਕੀਤੀ ਜਾਵੇਗੀ ਜੋ ਕਿ ਟਾਵਰ ਸਥਾਪਿਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗੀ।

ਅਜਿਹੇ ਕੇਸਾਂ ਵਿੱਚ ਪ੍ਰਵਾਨਗੀ ਦੇਣ ਤੋਂ ਬਾਅਦ, ਇਹ ਫੀਸ ਸਲਾਨਾ ਪੱਧਰ ਤੇ ਪਲਾਟ ਹੋਲਡਰਾਂ ਤੋਂ ਚਾਰਜ ਕੀਤੀ ਜਾਵੇਗੀ।

3. ਅਜਿਹੇ ਕੇਸਾਂ ਵਿੱਚ ਜਿੱਥੇ ਕਿ ਟੈਲੀਕਮਿਊਨੀਕੇਸ਼ਨ ਟਾਵਰ ਸਥਾਪਿਤ ਕਰਨ ਲਈ ਨਿਗਮ ਵੱਲੋਂ ਅਲਾਟੀਆਂ ਨੂੰ ਪਹਿਲੇ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਉਹਨਾਂ ਪਲਾਟ ਹੋਲਡਰਾਂ ਦੇ ਕੇਸਾਂ ਵਿੱਚ ਚਾਲੂ ਮਿੱਥੀ ਮਿਆਦ ਖਤਮ ਹੋਣ ਤੋਂ ਬਾਅਦ ਫੀਸ ਉਪਰੋਕਤ ਦੱਸੇ ਢਾਂਚੇ(1) ਅਨੁਸਾਰ ਚਾਰਜ ਕੀਤੀ ਜਾਵੇਗੀ।
4. ਜਿਹਨਾਂ ਕੇਸਾਂ ਵਿੱਚ ਪਲਾਟ ਹੋਲਡਰ ਨਿਗਮ ਵੱਲੋਂ ਲਾਗੂ ਫੀਸ ਸਟੱਕਚਰ ਮੁਤਾਬਿਕ ਟੈਲੀਕਮਿਊਨੀਕੇਸ਼ਨ ਟਾਵਰ ਸਥਾਪਿਤ/ਰੈਗੂਲਰਾਇਜ਼ ਕਰਾਉਣ ਲਈ ਕੋਈ ਕਦਮ ਨਹੀਂ ਚੁੱਕਦੇ ਹਨ, ਉਹਨਾਂ ਕੇਸਾਂ ਵਿੱਚ ਸਬੰਧਿਤ ਅਲਾਟੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਤੋਂ ਬਾਅਦ ਪਲਾਟਾਂ ਦੀਆਂ ਅਲਾਟਮੈਂਟਾਂ ਰੱਦ ਕੀਤੀਆਂ ਜਾਣਗੀਆਂ।

ਉਦਯੋਗ ਅਤੇ ਕਮਰਸ ਵਿਭਾਗ (ਇੰਡਸਟਰੀ ਬਰਾਂਚ) ਪੰਜਾਬ ਸਰਕਾਰ ਦੇ ਮੀਮੋ ਨੰ 294 ਮਿਤੀ 30-3-2012 ਦੀਆਂ ਹਦਾਇਤਾਂ ਮੁਤਾਬਿਕ ਬੋਰਡ ਨੇ ਇਹ ਫੈਸਲਾ ਕੀਤਾ ਕਿ ਉਪਰੋਕਤ ਦਰਸਾਏ ਢਾਂਚੇ ਦੀ ਪ੍ਰਵਾਨਗੀ ਲੈਣ ਲਈ ਕੇਸ ਪ੍ਰਬੰਧਕੀ ਵਿਭਾਗ (Administrative Department) ਨੂੰ ਭੇਜਿਆ ਜਾਵੇ।